# ਹਰਦੇਵ ਬਾਜਵਾ

ਸਮੁੰਦਰੋਂ ਪਾਰ (ਕਪੂਰ ਸਿੰਘ ਘੁੰਮਣ)

1.ਜਾਣ ਪਛਾਣ:- ਹਰਦੇਵ ਬਾਜਵਾ ' ਸਮੁੰਦਰੋਂ ਪਾਰ ' ਇਕਾਂਗੀ ਜੋ ਕਿ ਕਪੂਰ ਸਿੰਘ ਘੁੰਮਣ ਦੀ ਲਿਖੀ ਹੋਈ ਹੈ ਦਾ ਮੁੱਖ ਪਾਤਰ ਹੈ। ਹਰਦੇਵ ਬਾਜਵਾ ਆਪਣੀ ਪਤਨੀ ਸ਼ਰਨਜੀਤ ਨੂੰ ਧੋਖਾ ਦੇ ਕੇ ਇੰਗਲੈਂਡ ਚਲਾ ਜਾਂਦਾ ਹੈ, ਉੱਥੇ ਜਾ ਕੇ ਉਹ ਮਰਸੀ ਨਾਂ ਦੀ ਔਰਤ ਨਾਲ ਦੂਜਾ ਵਿਆਹ ਕਰਵਾ ਲੈਂਦਾ ਹੈ। ਉਸਦੀ ਪਤਨੀ ਸ਼ਰਨਜੀਤ ਉਸ ਕੋਲ ਇੰਗਲੈਂਡ ਚਲੀ ਜਾਂਦੀ ਹੈ, ਪਰ ਹਰਦੇਵ ਬਾਜਵਾ ਉਸਨੂੰ ਅਪਣਾਉਣ ਤੋਂ ਇਨਕਾਰੀ ਹੈ। ਹਰਦੇਵ ਬਾਜਵਾ ਦੇ ਪਾਤਰ ਵਿੱਚ ਅਸੀਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੇਖਦੇ ਹਾਂ:-

2. ਧੋਖੇਬਾਜ਼:- ਹਰਦੇਵ ਬਾਜਵਾ ਧੋਖੇਬਾਜ਼ ਇਨਸਾਨ ਹੈ, ਉਹ ਆਪਣੀ ਪਤਨੀ ਸ਼ਰਨਜੀਤ ਨੂੰ ਧੋਖਾ ਦੇ ਕੇ ਵਿਦੇਸ਼ ਚਲਾ ਜਾਂਦਾ ਹੈ , ਇੰਗਲੈਂਡ ਵਿੱਚ ਉਹ ਮਰਸੀ ਨਾਲ ਵੀ ਧੋਖੇ ਨਾਲ ਵਿਆਹ ਕਰਵਾ ਲੈਂਦਾ ਹੈ।

3.ਖੁਦਗਰਜ਼: ਹਰਦੇਵ ਬਾਜਵਾ ਬਹੁਤ ਹੀ ਖੁਦਗਰਜ਼ ਵਿਅਕਤੀ ਹੈ, ਉਹ ਆਪਣੀ ਭਾਰਤ ਰਹਿੰਦੀ ਪਤਨੀ ਅਤੇ ਆਪਣੇ ਪੁੱਤਰ ਦੀ ਪਰਵਾਹ ਨਹੀਂ ਕਰਦਾ , ਉਹ ਸਿਰਫ ਆਪਣੇ ਲਈ ਹੀ ਜਿਉਂਦਾ ਹੈ।

4. ਆਜ਼ਾਦ ਰਹਿਣ ਦਾ ਚਾਹਵਾਨ:- ਇਸ ਇਕਾਂਗੀ ਵਿੱਚ ਅਸੀਂ ਹਰਦੇਵ ਬਾਜਵਾ ਨੂੰ ਇਕ ਬੇਪਰਵਾਹ ਵਿਅਕਤੀ ਵਜੋਂ ਵੀ ਦੇਖਦੇ ਹਾਂ, ਉਹ ਭਾਰਤ ਵਿੱਚ ਅਪਣੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਨਾ ਦੇਖ, ਆਪਣਾ ਘਰ ਪਰਿਵਾਰ ਛੱਡ ਕੇ ਇੰਗਲੈਂਡ ਵਿਖੇ ਮਿਡਲਸੈਕਸ ਨਾਂ ਦੇ ਸਥਾਨ ਉੱਤੇ ਰਹਿੰਣ ਲੱਗ ਜਾਂਦਾ ਹੈ। ਉਹ ਆਪਣੇ ਆਪ ਨੂੰ ਰਿਸ਼ਤਿਆਂ ਵਿੱਚ ਬੱਝ ਕੇ ਰੱਖਣ ਤੋਂ ਮੁਨਕਰ ਹੈ। ਉਹ ਇੰਗਲੈਂਡ ਦਾ ਨਾਗਰਿਕ ਬਣਨ ਲਈ ਮਰਸੀ ਨਾਲ ਵਿਆਹ ਕਰਵਾਉਂਦਾ ਹੈ।

5. ਕਾਨੂੰਨ ਨੂੰ ਨਾ ਮੰਨਣ ਵਾਲਾ:- ਹਰਦੇਵ ਬਾਜਵਾ ਕਾਨੂੰਨ ਦੀ ਕੋਈ ਪ੍ਰਵਾਹ ਨਹੀਂ ਕਰਦਾ, ਉਹ ਸ਼ਰਨਜੀਤ ਨੂੰ ਬਿਨਾਂ ਤਲਾਕ ਦਿੱਤੇ ਮਰਸੀ ਨਾਲ ਦੂਜਾ ਵਿਆਹ ਕਰਵਾ ਲੈਂਦਾ ਹੈ।ਉਸਦਾ ਮਿੱਤਰ ਬਲਵੰਤ ਢਿੱਲੋਂ ਕਹਿੰਦਾ ਹੈ ਕਿ, " ਕਾਨੂੰਨੀ ਤੌਰ 'ਤੇ ਉਹ ਤੇਰੀ ਪਤਨੀ ਏ। ਪਹਿਲੀ ਪਤਨੀ ਦੇ ਹੁੰਦਿਆਂ ਤੂੰ ਮਰਸੀ ਨਾਲ਼ ਵੀ ਮੈਰਿਜ ਕਰ ਲਈ ।ਇਹ ਮੈਰਿਜ ਭਾਰਤ ਵਿੱਚ ਵੀ ਨਾਜਾਇਜ਼ ਤੇ ਇੰਗਲੈਂਡ ਵਿੱਚ ਵੀ।" ਉਹ ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਭਰਾ ਸੁਖਦੇਵ ਬਾਜਵਾ ਉੱਤੇ ਪਿਸਤੌਲ ਨਾਲ ਗੋਲੀ ਚਲਾ ਦਿੰਦਾ ਹੈ, ਜਿਸ ਦੇ ਕਾਰਨ ਸੁਖਦੇਵ ਬਾਜਵਾ ਦੀ ਮੌਤ ਹੋ ਜਾਂਦੀ ਹੈ।

6. ਰਿਸ਼ਤਿਆਂ ਦੀ ਕਦਰ ਨਾ ਕਰਨ ਵਾਲਾ:- ਹਰਦੇਵ ਬਾਜਵਾ ਰਿਸ਼ਤਿਆਂ ਦੀ ਕੋਈ ਕਦਰ ਨਹੀਂ ਕਰਦਾ, ਉਸ ਨੂੰ ਨਾ ਆਪਣੇ ਬੱਚੇ ਦੀ ਕੋਈ ਪ੍ਰਵਾਹ ਹੈ, ਨਾ ਆਪਣੀ ਪਤਨੀ ਸ਼ਰਨਜੀਤ ਦੀ ਪ੍ਰਵਾਹ ਹੈ, ਅਤੇ ਨਾ ਹੀ ਆਪਣੇ ਛੋਟੇ ਭਰਾ ਸੁਖਦੇਵ ਬਾਜਵਾ ਦੀ ਕੋਈ ਪ੍ਰਵਾਹ ਹੈ। ਉਸ ਦਾ ਆਪਣਾ ਮਿੱਤਰ ਬਲਵੰਤ ਢਿੱਲੋਂ ਵੀ ਉਸਦੇ ਅਜਿਹੇ ਵਤੀਰੇ ਉੱਤੇ ਸ਼ਰਮਿੰਦਾ ਹੈ।

7. ਝੂਠਾ ਅਤੇ ਮੱਕਾਰ:- ਹਰਦੇਵ ਬਾਜਵਾ ਝੂਠਾ ਹੈ, ਉਹ ਆਪਣੀ ਪਤਨੀ ਨੂੰ ਛੱਡ ਕੇ ਇੰਗਲੈਂਡ ਵਿੱਚ ਜਾ ਕੇ ਮਰਸੀ ਨੂੰ ਝੂਠ ਬੋਲ ਕੇ ਵਿਆਹ ਕਰਵਾ ਲੈਂਦਾ ਹੈ। ਉਹ ਆਪਣੀ ਪਹਿਲੀ ਪਤਨੀ ਅਤੇ ਪੁੱਤਰ ਨੂੰ ਅਪਣਾਉਣ ਤੋਂ ਵੀ ਮੁੱਕਰ ਜਾਂਦਾ ਹੈ।

8. ਕਾਤਲ:- ਹਰਦੇਵ ਬਾਜਵਾ ਆਪਣੇ ਰਿਸ਼ਤਿਆਂ ਦੇ ਕਾਤਲ ਤੋਂ ਇਲਾਵਾ ਆਪਣੇ ਭਰਾ ਸੁਖਦੇਵ ਬਾਜਵਾ ਦਾ ਵੀ ਕਾਤਲ ਹੈ। ਉਹ ਪਹਿਲਾਂ ਸ਼ਰਨਜੀਤ ਉੱਤੇ ਪਸਤੌਲ ਤਾਣਦਾ ਹੈ, ਸੁਖਦੇਵ ਬਾਜਵਾ ਨਾਲ ਹੱਥੋ ਪਾਈ ਹੁੰਦੇ ਸਮੇਂ ਉਹ ਗੋਲੀ ਚਲਾ ਦਿੰਦਾ ਹੈ। ਜਿਸ ਨਾਲ ਉਸਦੇ ਭਰਾ ਦੀ ਮੌਤ ਹੋ ਜਾਂਦੀ ਹੈ।

9. ਕੀਤੀ 'ਤੇ ਪਛਤਾਉਣ ਵਾਲਾ:- ਜਦੋਂ ਹਰਦੇਵ ਬਾਜਵਾ ਦੇ ਭਰਾ ਸੁਖਦੇਵ ਦੀ ਮੌਤ ਗੋਲੀ ਲੱਗਣ ਨਾਲ ਹੋ ਜਾਂਦੀ ਹੈ, ਤਾਂ ਉਹ ਧਾਹ ਮਾਰ ਕੇ ਸੁਖਦੇਵ ਬਾਜਵਾ ਦੀ ਲੋਥ( ਲਾਸ਼) ਨੂੰ ਲਿਪਟ ਜਾਂਦਾ ਹੈ।

ਅੰਤ ਵਿੱਚ ਅਸੀਂ ਦੇਖਦੇ ਹਾਂ ਕਿ ਹਰਦੇਵ ਬਾਜਵਾ ਸ਼ਰਨਜੀਤ ਨੂੰ ਧੋਖਾ ਦੇ ਕੇ ਸਮੁੰਦਰੋ ਪਾਰ ਇੰਗਲੈਂਡ ਵਿੱਚ ਰਹਿੰਦਾ ਹੈ, ਉਹ ਸ਼ਰਨਜੀਤ ਦੇ ਆਉਣ ਦੀ ਖਬਰ ਸੁਣ ਕੇ ਘਬਰਾ ਜਾਂਦਾ ਹੈ, ਉਹ ਸ਼ਰਨਜੀਤ ਨੂੰ ਇੰਨੀ ਨਫ਼ਰਤ ਕਰਦਾ ਹੈ ਕਿ ਉਸ ਦੀ ਸ਼ਕਲ ਵੇਖਣੀ ਵੀ ਪਸੰਦ ਨਹੀਂ ਕਰਦਾ। ਆਪਣੀ ਪਤਨੀ ਤੇ ਪੁੱਤਰ ਨੂੰ ਅਪਣਾਉਣ ਤੋਂ ਇਨਕਾਰੀ ਹੈ, ਇਸੇ ਝਗੜੇ ਵਿਚ ਉਹ ਆਪਣੇ ਭਰਾ ਸੁਖਦੇਵ ਬਾਜਵਾ ਦਾ ਕਤਲ ਕਰ ਦਿੰਦਾ ਹੈ।

ਤਿਆਰ ਕਰਤਾ:- ਰੁਪਿੰਦਰ ਕੌਰ, ਪੰਜਾਬੀ ਮਿਸਟ੍ਰੈਸ

ਸਸਸਸ ਮੂਲੇਵਾਲ ਖਹਿਰਾ, ਜਲੰਧਰ।

ਫੋਨ:- 9915450401